# 2022-23 ਵਿੱਚ ਭਾਰਤੀ ਦਾਲਾਂ ਦੀ ਦਰਾਮਦ 8.66% ਘਟੀ

ਖੇਤੀ ਲਾਗਤਾਂ ਅਤੇ ਮੁੱਲ ਕਮਿਸ਼ਨ (ਸੀ ਏ ਸੀ ਪੀ) ਨੇ ਆਪਣੀ 'ਹਾੜ੍ਹੀ ਦੀਆਂ ਫਸਲਾਂ ਲਈ ਕੀਮਤ ਨੀਤੀ: ਮੰਡੀਕਰਨ ਮੌਸਮ 2024-25' ਵਿੱਚ ਕਿਹਾ ਹੈ ਕਿ ਭਾਰਤ ਨੇ 2022-23 ਵਿੱਚ 25.3 ਲੱਖ ਟਨ ਦਾਲਾਂ ਦੀ ਦਰਾਮਦ ਕੀਤੀ, ਜਿਹੜੀ ਕਿ 2021-22 ਨਾਲੋਂ ਲਗਭਗ 8.66% ਘੱਟ ਹੈ। 2021-22 ਵਿੱਚ, ਭਾਰਤ ਨੇ 27.7 ਲੱਖ ਟਨ ਦਾਲਾਂ ਦੀ ਦਰਾਮਦ ਕੀਤੀ ਸੀ।

ਦਾਲਾਂ ਵਿੱਚ ਅਰਹਰ ਸਭ ਤੋਂ ਵੱਧ ਆਯਾਤ ਕੀਤੀ ਜਿਣਸ ਸੀ, ਜਿਸਦੀ 2022-23 ਅਤੇ 2021-22 ਦੋਵੇਂ ਸਾਲਾਂ ਦੌਰਾਨ ਕ੍ਰਮਵਾਰ 35.2% ਅਤੇ 30.4% ਹਿੱਸੇਦਾਰੀ ਸੀ।

ਦੋਵੇਂ ਸਾਲਾਂ ਦੌਰਾਨ ਭਾਰਤ ਦੁਆਰਾ ਦਰਾਮਦ ਕੀਤੀਆਂ ਗਈਆਂ ਹੋਰ ਪ੍ਰਮੁੱਖ ਦਾਲਾਂ ਵਿੱਚ ਮਸਰ ਅਤੇ ਮਾਂਹ ਸ਼ਾਮਿਲ ਹਨ।

ਸੀ ਏ ਸੀ ਪੀ ਨੇ ਜ਼ਿਕਰ ਕੀਤਾ ਕਿ ਅਰਹਰ ਦੇ ਮੁੱਖ ਆਯਾਤ ਮੂਲ ਮੋਜ਼ਾਮਬੀਕ, ਮਿਆਂਮਾਰ ਅਤੇ ਤਨਜ਼ਾਨੀਆ ਹਨ, ਜਦਕਿ ਕੈਨੇਡਾ ਅਤੇ ਆਸਟ੍ਰੇਲੀਆ ਭਾਰਤ ਨੂੰ ਮਸਰ ਦੇ ਪ੍ਰਮੁੱਖ ਨਿਰਯਾਤਕ ਹਨ। ਮਾਂਹ ਦੀ ਦਾਲ ਮੁੱਖ ਤੌਰ 'ਤੇ ਮਿਆਂਮਾਰ ਤੋਂ ਦਰਾਮਦ ਕੀਤੀ ਜਾਂਦੀ ਹੈ।

ਕਮਿਸ਼ਨ ਨੇ ਕਿਹਾ ਕਿ 2021-22 ਦੇ ਮੁਕਾਬਲੇ 2022-23 ਵਿੱਚ ਕੁੱਲ ਦਰਾਮਦ ਵਿੱਚ ਮਸਰ ਅਤੇ ਅਰਹਰ ਦੀ ਹਿੱਸੇਦਾਰੀ ਕਾਫ਼ੀ ਵੱਧ ਗਈ ਹੈ, ਜਦੋਂ ਕਿ ਮਾਂਹ, ਛੋਲਿਆਂ ਅਤੇ ਮੂੰਗੀ ਦਾ ਹਿੱਸਾ ਘਟਿਆ ਹੈ।

ਸੀ ਏ ਸੀ ਪੀ ਨੇ ਕਿਹਾ ਕਿ 2021-22 ਵਿੱਚ ਘੱਟ ਘਰੇਲੂ ਉਤਪਾਦਨ ਅਤੇ ਕੈਨੇਡਾ ਅਤੇ ਆਸਟ੍ਰੇਲੀਆ ਵਰਗੇ ਪ੍ਰਮੁੱਖ ਉਤਪਾਦਕਾਂ ਵੱਲੋਂ ਮਸਰ ਦੀ ਭਰਪੂਰ ਸਪਲਾਈ ਦੇ ਕਾਰਨ ਦੁਨੀਆ ਭਰ ਵਿੱਚ ਮਸਰ ਦੀਆਂ ਕੀਮਤਾਂ ਵਿੱਚ ਨਰਮੀ ਕਰਕੇ ਮਸਰਾਂ ਦੀ ਦਰਾਮਦ ਵਿੱਚ ਮਹੱਤਵਪੂਰਨ ਉਛਾਲ ਹੋਇਆ ਹੈ।

ਕਮਿਸ਼ਨ ਨੇ ਕਿਹਾ ਕਿ ਦਾਲਾਂ ਅਹਿਮ ਫ਼ਸਲਾਂ ਹਨ ਜਿਹੜੀਆਂ ਭਾਰਤ ਵਿੱਚ ਮੁੱਖ ਤੌਰ 'ਤੇ ਸ਼ਾਕਾਹਾਰੀ ਆਬਾਦੀ ਲਈ ਰੋਜ਼ਾਨਾ ਖੁਰਾਕ ਵਿੱਚ ਉੱਚ ਗੁਣਵੱਤਾ ਵਾਲੇ ਪੂਰਕ ਪ੍ਰੋਟੀਨ ਪ੍ਰਦਾਨ ਕਰਦੀਆਂ ਹਨ।

ਸੀ ਏ ਸੀ ਪੀ ਨੇ ਕੀਮਤ ਨੀਤੀ ਵਿੱਚ ਜ਼ਿਕਰ ਕੀਤਾ ਹੈ ਕਿ ਭਾਰਤੀ ਵਣਜ ਅਤੇ ਉਦਯੋਗ ਮੰਤਰਾਲੇ ਦੇ ਵਪਾਰਕ ਜਾਣਕਾਰੀ ਅਤੇ ਅੰਕੜਾ ਡਾਇਰੈਕਟੋਰੇਟ ਜਨਰਲ (ਡੀ ਜੀ ਸੀ ਆਈ ਐਸ) ਦੇ ਮੁਤਾਬਿਕ, ਭਾਰਤ ਵਿੱਚ ਦਾਲਾਂ ਦੀ ਦਰਾਮਦ 2013-14 ਵਿੱਚ 35.3 ਲੱਖ ਟਨ ਤੋਂ 87.2% ਵਧ ਕੇ 2016-17 ਵਿੱਚ 66 ਲੱਖ ਟਨ ਹੋ ਗਈ ਸੀ।

"ਹਾਲਾਂਕਿ, ਦੇਸ਼ ਵਿੱਚ ਰਿਕਾਰਡ ਉਤਪਾਦਨ ਅਤੇ ਆਯਾਤ ਪਾਬੰਦੀਆਂ, ਉੱਚ ਘੱਟੋ-ਘੱਟ ਸਮਰਥਨ ਮੁੱਲ ਅਤੇ ਖਰੀਦ ਵਰਗੀ ਦਖਲਅੰਦਾਜ਼ੀ ਦੇ ਕਾਰਨ, 2016-17 ਤੋਂ 2018-19 ਦੌਰਾਨ ਦਾਲਾਂ ਦੀ ਦਰਾਮਦ ਵਿੱਚ 61% ਦੀ ਗਿਰਾਵਟ ਆਈ ਹੈ," ਕਮਿਸ਼ਨ ਨੇ ਕਿਹਾ।

ਇਸਨੇ ਕਿਹਾ ਹੈ ਕਿ ਪਿਛਲੇ ਚਾਰ ਸਾਲਾਂ ਦੌਰਾਨ ਭਾਰਤੀ ਦਾਲਾਂ ਦੀ ਦਰਾਮਦ 25 ਲੱਖ ਟਨ ਤੋਂ 29.4 ਲੱਖ ਟਨ ਦੇ ਵਿਚਕਾਰ ਹੈ।

ਸੀ ਏ ਸੀ ਪੀ ਨੇ 2024-25 ਦੀ ਹਾੜ੍ਹੀ ਮੁੱਲ ਨੀਤੀ ਵਿੱਚ ਕਿਹਾ, "ਇਹ ਧਿਆਨ ਦੇਣ ਯੋਗ ਹੈ ਕਿ ਆਯਾਤ ਦੀ ਮਾਤਰਾ ਵਿੱਚ ਗਿਰਾਵਟ ਦੇ ਬਾਵਜੂਦ, ਆਯਾਤ ਬਿੱਲ ਵਿੱਚ ਦਾਲਾਂ ਦੀਆਂ ਅੰਤਰਰਾਸ਼ਟਰੀ ਕੀਮਤਾਂ ਵਿੱਚ ਲਗਾਤਾਰ ਵਾਧੇ ਨੂੰ ਦਰਸਾਉਂਦੇ ਹੋਏ ਸਮਾਨ ਰੂਪ ਵਿੱਚ ਗਿਰਾਵਟ ਨਹੀਂ ਆਈ ਹੈ।"

**ਭਾਰਤ ਦੇ ਦਾਲਾਂ ਦੀ ਦਰਾਮਦ ਦੇ ਪ੍ਰਮੁੱਖ ਦੇਸ ਸ੍ਰੋਤ ਹਨ**

| **ਦੇਸ** | **ਦਾਲਾਂ ਦੀ ਦਰਾਮਦ (ਲੱਖ ਟਨ)** | | **ਦਾਲਾਂ ਦੀ ਕੁੱਲ ਦਰਾਮਦ ਵਿੱਚ ਹਿੱਸਾ (ਫ਼ੀਸਦੀ ਵਿੱਚ)** | | **2022-23 ਵਿੱਚ ਮੁੱਖ ਮੂਲ (ਫ਼ੀਸਦੀ ਵਿੱਚ ਹਿੱਸਾ)** |
|---|---|---|---|---|---|
| | **2021-22** | **2022-23** | **2021-22** | **2022-23** | |
| ਅਰਹਰ | 8.4 | 8.9 | 30.3% | 35.2% | ਮੋਜ਼ਾਮਬੀਕ (51.5%), ਮਿਆਂਮਾਰ (24.3%), ਤਨਜ਼ਾਨੀਆ (11.1%) |
| ਮਸਰ | 6.7 | 8.6 | 24.1% | 34% | ਕੈਨੇਡਾ (56.6%), ਆਸਟ੍ਰੇਲੀਆ (41.4%), ਨੀਦਰਲੈਂਡ (1.2%) |
| ਮਾਂਹ | 6.1 | 5.2 | 22.1% | 20.6% | ਮਿਆਂਮਾਰ (97.7%), ਸਿੰਗਾਪੁਰ (1.8%), ਬ੍ਰਾਜ਼ੀਲ (0.2%) |

| | | | | | |
|---|---|---|---|---|---|
| ਛੋਲੇ/ਚਿੱਟੇ ਛੋਲੇ | 2 | 0.6 | 7.3% | 2.4% | ਤਨਜ਼ਾਨੀਆ (90.6%), ਸੰਯੁਕਤ ਅਰਬ ਅਮੀਰਾਤ (4%), ਮਿਆਂਮਾਰ (2.4%) |
| ਮੂੰਗੀ | 2 | 0.3 | 7.1% | 1.2% | ਤਨਜ਼ਾਨੀਆ (27.6%), ਮਿਆਂਮਾਰ (23.4%), ਬ੍ਰਾਜ਼ੀਲ (20.8%) |
| ਹੋਰ | 2.5 | 1.7 | 9.1% | 6.6% | — |
| ਕੁੱਲ | 27.7 | 25.3 | 100% | 100% | — |

***ਸ੍ਰੋਤ:*** *ਵਪਾਰਕ ਜਾਣਕਾਰੀ ਅਤੇ ਅੰਕੜਾ ਡਾਇਰੈਕਟੋਰੇਟ ਜਨਰਲ (ਡੀ ਜੀ ਸੀ ਆਈ ਐਸ), ਭਾਰਤੀ ਵਣਜ ਅਤੇ ਉਦਯੋਗ ਮੰਤਰਾਲਾ*